Punjabi

# ਹਾਊਸਿੰਗ ਰਜਿਸਟਰੀ ਕੋਲ ਅਰਜ਼ੀ ਕਿਵੇਂ ਕਰੀਏ

## ਬ੍ਰਿਟਿਸ਼ ਕੋਲੰਬੀਆ ਵਿੱਚ ਸਬਸਡੀ ਵਾਲੇ ਘਰ

The Housing Registry
Providing Options, Opening Doors

### ਹਾਊਸਿੰਗ ਰਜਿਸਟਰੀ ਕੀ ਹੈ?

ਹਾਊਸਿੰਗ ਰਜਿਸਟਰੀ ਬੀ ਸੀ ਵਿੱਚ ਸਬਸਡੀ ਵਾਲੇ ਘਰਾਂ ਲਈ ਅਰਜ਼ੀ ਕਰਨ ਵਾਲਿਆਂ ਅਤੇ ਸਬਸਡੀ ਵਾਲੇ ਘਰ ਕਿਰਾਏ ਉੱਤੇ ਦੇਣ ਵਾਲਿਆਂ ਲਈ ਘਰਾਂ ਬਾਰੇ ਵਿਸਥਾਰ ਭਰਪੂਰ ਜਾਣਕਾਰੀ ਦੀ ਸੇਵਾ ਹੈ। ਇਹ ਅਰਜ਼ੀ ਕਰਨ ਵਾਲਿਆਂ ਬਾਰੇ ਤਾਜ਼ਾ ਜਾਣਕਾਰੀ ਦਾ ਕੇਂਦਰੀ ਭੰਡਾਰ ਹੈ, ਜਿਸ ਨੂੰ ਘਰ ਦੇਣ ਵਾਲੇ ਮੈਂਬਰ ਉਸ ਸਮੇਂ ਦੇਖ ਸਕਦੇ ਹਨ ਜਦੋਂ ਕੋਈ ਮਕਾਨ ਉਪਲਬਧ ਹੋ ਜਾਵੇ। ਇਸ ਨਾਲ ਸਬਸਡੀ ਵਾਲੇ ਘਰ ਲੱਭ ਰਹੇ ਪਰਿਵਾਰਾਂ ਨੂੰ ਹਾਊਸਿੰਗ ਰਜਿਸਟਰੀ ਨਾਲ ਸੰਬੰਧਤ ਸਾਰੇ ਘਰ ਮੁਹੱਈਆ ਕਰਨ ਵਾਲਿਆਂ ਵਲੋਂ ਉਪਲਬਧ ਮਕਾਨਾਂ ਲਈ ਵਿਚਾਰੇ ਜਾਣ ਲਈ ਸਿਰਫ ਇਕ ਅਰਜ਼ੀ ਫਾਰਮ ਭਰਨ ਦੀ ਲੋੜ ਪੈਂਦੀ ਹੈ।

### ਹਾਊਸਿੰਗ ਰਜਿਸਟਰੀ ਰਾਹੀਂ ਜਿਹਨਾਂ ਇਮਾਰਤਾਂ ਲਈ ਤੁਸੀਂ ਅਰਜ਼ੀ ਕਰ ਸਕਦੇ ਹੋ, ਉਹਨਾਂ ਇਮਾਰਤਾਂ ਦਾ ਪ੍ਰਬੰਧ ਹੇਠ ਲਿਖਿਆਂ ਵਲੋਂ ਕੀਤਾ ਜਾਂਦਾ ਹੈ:

#### 1. ਬੀ ਸੀ ਹਾਊਸਿੰਗ

ਸੂਬੇ ਦੀ ਸਰਕਾਰੀ ਏਜੰਸੀ, ਬੀ ਸੀ ਹਾਊਸਿੰਗ, ਇਹਨਾਂ ਮਕਾਨਾਂ ਦੀ ਮਾਲਕ ਹੈ ਅਤੇ ਇਹਨਾਂ ਦਾ ਪ੍ਰਬੰਧ ਉਸ ਵਲੋਂ ਚਲਾਇਆ ਜਾਂਦਾ ਹੈ। ਬੀ ਸੀ ਹਾਊਸਿੰਗ ਇਹਨਾਂ ਮਕਾਨਾਂ ਲਈ ਕਿਰਾਏਦਾਰਾਂ ਦੀ ਚੋਣ ਕਰਨ ਲਈ ਜ਼ਿੰਮੇਵਾਰ ਹੈ ਅਤੇ ਇਹਨਾਂ ਦੀ ਮਾਲਕ (ਲੈਂਡਲਾਰਡ) ਹੈ।

#### 2. ਗੈਰ-ਮੁਨਾਫੇ ਉੱਤੇ ਮਕਾਨ ਮੁਹੱਈਆ ਕਰਨ ਵਾਲੇ

ਸਥਾਨਕ ਗੈਰ-ਮੁਨਾਫੇਦਾਰ (ਨਾਨ-ਪ੍ਰਾਫਿਟ) ਸੁਸਾਇਟੀਆਂ ਇਹਨਾਂ ਮਕਾਨਾਂ ਦੀਆਂ ਮਾਲਕ ਹੁੰਦੀਆਂ ਹਨ, ਅਤੇ ਇਹਨਾਂ ਦਾ ਪ੍ਰਬੰਧ ਚਲਾਉਂਦੀਆਂ ਹਨ। ਸੁਸਾਇਟੀ ਇਹਨਾਂ ਮਕਾਨਾਂ ਲਈ ਕਿਰਾਏਦਾਰਾਂ ਦੀ ਚੋਣ ਕਰਨ ਲਈ ਜ਼ਿੰਮੇਵਾਰ ਹੈ ਅਤੇ ਇਹਨਾਂ ਦੀ ਮਾਲਕ (ਲੈਂਡਲਾਰਡ) ਹੈ।

#### 3. ਕੋ-ਅਪ੍ਰੇਟਿਵ

ਕੋ-ਅਪ੍ਰੇਟਿਵਾਂ ਦਾ ਪ੍ਰਬੰਧ ਉੱਥੇ ਰਹਿਣ ਵਾਲੇ ਮੈਂਬਰਾਂ ਵਲੋਂ ਚਲਾਇਆ ਜਾਂਦਾ ਹੈ। ਮੈਂਬਰ ਇਮਾਰਤ ਦਾ ਪ੍ਰਬੰਧ ਕਰਨ ਅਤੇ ਨਵੇਂ ਮੈਂਬਰਾਂ ਦੀ ਚੋਣ ਕਰਨ ਦੀ ਜ਼ਿੰਮੇਵਾਰੀ ਨਿਭਾਉਂਦੇ ਹਨ। ਹੋਰ ਜਾਣਕਾਰੀ ਕੋ-ਅਪ੍ਰੇਟਿਵ ਹਾਊਸਿੰਗ ਫੈਡਰੇਸ਼ਨ ਆਫ ਬੀ ਸੀ ਦੇ ਵੈੱਬਸਾਈਟ **www.chf.bc.ca** ਉੱਤੇ ਉਪਲਬਧ ਹੈ।

ਬੀ ਸੀ ਹਾਊਸਿੰਗ ਤੋਂ ਉਪਲਬਧ ਸਾਰੇ ਮਕਾਨ ਹਾਊਸਿੰਗ ਰਜਿਸਟਰੀ ਰਾਹੀਂ ਅਰਜ਼ੀ ਕਰਨ ਵਾਲਿਆਂ ਨੂੰ ਦਿੱਤੇ ਜਾਂਦੇ ਹਨ। ਕਈ ਗੈਰ-ਮੁਨਾਫੇਦਾਰ ਸੁਸਾਇਟੀਆਂ ਅਤੇ ਕਈ ਕੋਅਪ੍ਰੇਟਿਵਾਂ ਉਹਨਾਂ ਰਾਹੀਂ ਉਪਲਬਧ ਮਕਾਨਾਂ ਨੂੰ ਭਰਨ ਲਈ ਹਾਊਸਿੰਗ ਰਜਿਸਟਰੀ ਦੀ ਵਰਤੋਂ ਕਰਦੀਆਂ ਹਨ (ਬੀ ਸੀ ਵਿੱਚ ਉਪਲਬਧ ਸਬਸਡੀ ਵਾਲੇ ਸਾਰੇ ਘਰਾਂ ਦੀ ਡਾਇਰੈਕਟਰੀ, ਹਾਊਸਿੰਗ ਲਿਸਟਿੰਗਜ਼ ਦਾ ਸੈਕਸ਼ਨ 1 ਦੇਖੋ); ਦੂਸਰੀਆਂ ਅਰਜ਼ੀ ਕਰਨ ਵਾਲਿਆਂ ਦੀਆਂ ਆਪਣੀ ਸੂਚੀਆਂ ਬਣਾਉਂਦੀਆਂ ਹਨ (ਹਾਊਸਿੰਗ ਲਿਸਟਿੰਗਜ਼ ਦਾ ਸੈਕਸ਼ਨ 2 ਦੇਖੋ)।

ਆਮਦਨ ਦੇ ਆਧਾਰ ਉੱਤੇ ਮਕਾਨਾਂ ਦੇ ਨਾਲ ਨਾਲ ਕਈ ਗੈਰ-ਮੁਨਾਫੇਦਾਰ ਅਤੇ ਕੋਅਪ੍ਰੇਟਿਵ ਇਮਾਰਤਾਂ ਵਿੱਚ ਮਾਰਕੀਟ ਅਨੁਸਾਰ ਕਿਰਾਏ ਵਾਲੇ ਮਕਾਨ ਵੀ ਹੁੰਦੇ ਹਨ, ਜਿਹਨਾਂ ਦਾ ਕਿਰਾਇਆ ਮਾਰਕੀਟ ਦੇ ਪੱਧਰ ਉੱਤੇ ਜਾਂ ਉਸ ਤੋਂ ਥੋੜ੍ਹਾ ਜਿਹਾ ਘੱਟ ਹੁੰਦਾ ਹੈ।

### ਸਬਸਡੀ ਵਾਲੇ ਘਰਾਂ ਲਈ ਕੌਣ ਹੱਕਦਾਰ ਹੈ?

**ਹੱਕਦਾਰ ਹੋਣ ਦੀ ਇਹ ਮੁਢਲੀ ਕਸਵੱਟੀ ਹੈ। ਹੋਰ ਕਸਵੱਟੀਆਂ ਵੀ ਲਾਗੂ ਹੋ ਸਕਦੀਆਂ ਹਨ। ਪੂਰੇ ਵਿਸਥਾਰ ਲਈ ਕ੍ਰਿਪਾ ਕਰਕੇ www.bchousing.org ਦੇਖੋ।**

#### ਘਰੇਲੂ ਸ਼ਰਤਾਂ

- ਪਰਿਵਾਰ। ਇਕ ਨਿਰਭਰ ਬੱਚੇ ਸਮੇਤ, ਘੱਟੋ ਘੱਟ ਦੋ ਜੀਆਂ ਨੂੰ ਇਕ ਪਰਿਵਾਰ ਮੰਨਿਆ ਜਾਂਦਾ ਹੈ।
- 55 ਸਾਲ ਜਾਂ ਵੱਧ ਉਮਰ ਦੇ ਲੋਕਾਂ ਨੂੰ ਸੀਨੀਅਰ ਮੰਨਿਆ ਜਾਂਦਾ ਹੈ।
- ਉਹਨਾਂ ਲੋਕਾਂ ਨੂੰ ਅਪਾਹਜਤਾ ਵਾਲੇ ਲੋਕ ਮੰਨਿਆ ਜਾਂਦਾ ਹੈ, ਜਿਹੜੇ ਆਜ਼ਾਦ ਤੌਰ ਉੱਤੇ ਰਹਿ ਸਕਦੇ ਹੋਣ ਅਤੇ ਡਿਸਏਬਲਟੀ ਪੈਨਸ਼ਨ ਲੈਣ ਜਾਂ ਡਿਸਏਬਲਟੀ ਟੈਕਸ ਕਰੈਡਿਟ ਲੈਣ ਦੇ ਹੱਕਦਾਰ ਹੋਣ।
- ਇਕੱਲੇ (ਸਿੰਗਲ) ਵਿਅਕਤੀ ਉਹਨਾਂ ਲੋਕਾਂ ਨੂੰ ਮੰਨਿਆ ਜਾਂਦਾ ਹੈ, ਜਿਹਨਾਂ ਦੀ ਆਮਦਨ ਘੱਟ ਹੋਵੇ ਅਤੇ ਜਿਹਨਾਂ ਦਾ ਬੇਘਰੇ ਹੋਣ ਦਾ ਖਤਰਾ ਹੋਵੇ।

#### ਰਿਹਾਇਸ਼ ਦੀਆਂ ਸ਼ਰਤਾਂ

ਅਰਜ਼ੀ ਕਰਨ ਸਮੇਂ ਅਰਜ਼ੀ ਕਰਨ ਵਾਲਿਆਂ ਦਾ ਪੱਕੇ ਤੌਰ ਉੱਤੇ ਬ੍ਰਿਟਿਸ਼ ਕੋਲੰਬੀਆ ਵਿੱਚ ਰਹਿੰਦੇ ਹੋਣਾ ਜ਼ਰੂਰੀ ਹੈ ਅਤੇ ਘਰ ਦੇ ਸਾਰੇ ਮੈਂਬਰਾਂ ਲਈ ਹੇਠ ਲਿਖਿਆਂ ਵਿੱਚੋਂ ਕੋਈ ਇਕ ਹੋਣਾ ਜ਼ਰੂਰੀ ਹੈ:

- ਕੈਨੇਡਾ ਦੇ ਨਾਗਰਿਕ;
- ਕੈਨੇਡਾ ਵਿੱਚ ਪੱਕੇ ਵਸਨੀਕ ਦੇ ਤੌਰ ਉੱਤੇ ਕਾਨੂੰਨੀ ਤੌਰ ਉੱਤੇ ਦਾਖਲ ਹੋਇਆ ਵਿਅਕਤੀ ਅਤੇ ਜਿਸ ਨੂੰ ਸਪਾਂਸਰ ਨਾ ਕੀਤਾ ਗਿਆ ਹੋਵੇ;
- ਕੈਨੇਡਾ ਸਰਕਾਰ ਵਲੋਂ ਸਪਾਂਸਰ ਕੀਤੇ ਰਿਫਿਊਜੀ; ਜਾਂ
- ਉਹ ਵਿਅਕਤੀ ਜਿਹਨਾਂ ਨੇ ਰਿਫਿਊਜੀ ਜਾਂ ਇੰਮੀਗਰੈਂਟ ਦੇ ਦਰਜੇ ਲਈ ਅਰਜ਼ੀ ਦਿੱਤੀ ਹੋਵੇ ਅਤੇ ਜਿਹਨਾਂ ਦੀ ਪ੍ਰਾਈਵੇਟ ਸਪਾਂਸਰਸ਼ਿੱਪ ਟੁੱਟ ਗਈ ਹੋਵੇ।

#### ਆਮਦਨ ਦੀਆਂ ਸ਼ਰਤਾਂ

ਸਬਸਡੀ ਵਾਲੇ ਘਰਾਂ ਲਈ ਹੱਕਦਾਰ ਹੋਣ ਲਈ, ਜ਼ਰੂਰੀ ਹੈ ਕਿ ਅਰਜ਼ੀ ਕਰਨ ਵਾਲਿਆਂ ਦੀ ਘਰੇਲੂ ਆਮਦਨ ਹਰ ਸਾਲ ਨਿਸ਼ਚਿਤ ਕੀਤੀ ਜਾਂਦੀ ਆਮਦਨ ਤੋਂ ਘੱਟ ਹੋਵੇ। ਮੌਜੂਦਾ ਸਮੇਂ ਲਈ ਵੱਧ ਤੋਂ ਵੱਧ ਨਿਸ਼ਚਿਤ ਆਮਦਨ ਬਾਰੇ ਜਾਣਨ ਲਈ ਹਾਊਸਿੰਗ ਰਜਿਸਟਰੀ ਤੋਂ ਪਤਾ ਕਰੋ।

ਹਾਊਸਿੰਗ ਰਜਿਸਟਰੀ ਦੇ ਕੁਝ ਮੈਂਬਰਾਂ ਵਲੋਂ ਸੰਪਤੀ ਦੀ ਹੱਦ ਉੱਪਰ ਵੀ ਹੱਦ ਲਾਈ ਹੋ ਸਕਦੀ ਹੈ। ਪੂਰੇ ਵਿਸਥਾਰ ਲਈ ਹਾਊਸਿੰਗ ਰਜਿਸਟਰੀ ਤੋਂ ਪਤਾ ਕਰੋ।



British Columbia
The Best Place on Earth
BC Housing

The Housing Registry
Providing Options, Opening Doors

### ਮਾਰਕੀਟ ਅਨੁਸਾਰ ਕਿਰਾਏ ਉੱਤੇ ਮਿਲਣ ਵਾਲੇ ਸਸਤੇ ਕਿਰਾਏ ਵਾਲੇ ਮਕਾਨ

- ਹੋ ਸਕਦਾ ਹੈ ਕਿ ਉਹ ਅਰਜ਼ੀਕਾਰ, ਜਿਹਨਾਂ ਦੀ ਆਮਦਨ ਵੱਧ ਤੋਂ ਵੱਧ ਨਿਸ਼ਚਿਤ ਹੱਦ ਤੋਂ ਵੱਧ ਹੋਵੇ, ਮਾਰਕੀਟ ਅਨੁਸਾਰ ਕਿਰਾਏ ਉੱਤੇ ਮਿਲਣ ਵਾਲੇ ਮਕਾਨਾਂ ਵਾਲੀਆਂ ਇਮਾਰਤਾਂ ਵਿੱਚ ਅਰਜ਼ੀ ਕਰ ਸਕਦੇ ਹੋਣ।

ਪਹਿਲਾਂ ਸਬਸਡੀ ਵਾਲੇ ਘਰਾਂ ਵਿੱਚ ਰਹਿ ਚੁੱਕੇ ਕਿਰਾਏਦਾਰ ਦੁਬਾਰਾ ਅਰਜ਼ੀ ਕਰਨ ਦੇ ਹੱਕਦਾਰ ਹੋ ਸਕਦੇ ਹਨ, ਬਸ਼ਰਤੇ ਕਿ ਉਹ ਹੱਕਦਾਰੀ ਦੀਆਂ ਸ਼ਰਤਾਂ ਪੂਰੀਆਂ ਕਰਦੇ ਹੋਣ। ਉਹਨਾਂ ਉੱਪਰ ਹੇਠ ਲਿਖੀਆਂ ਖਾਸ ਸ਼ਰਤਾਂ ਵੀ ਲਾਗੂ ਹੋ ਸਕਦੀਆਂ ਹਨ।

- ਸਬਸਡੀ ਵਾਲੀਆਂ ਪਹਿਲੀਆਂ ਕਿਰਾਏਦਾਰੀਆਂ ਕਾਰਨ ਅਰਜ਼ੀਕਾਰਾਂ ਉੱਪਰ ਕੋਈ ਕਰਜ਼ਾ ਨਾ ਹੋਵੇ। ਇਸ ਤੋਂ ਪਹਿਲਾਂ ਕਿ ਬਕਾਇਆ ਰਹਿੰਦੇ ਕਿਰਾਏ ਵਾਲੇ ਅਰਜ਼ੀਕਾਰਾਂ ਦੀਆਂ ਅਰਜ਼ੀਆਂ ਉੱਪਰ ਗੌਰ ਕੀਤਾ ਜਾਵੇ, ਉਹਨਾਂ ਨੂੰ ਪੂਰਾ ਕਰਜ਼ਾ ਅਦਾ ਕਰਨ ਲਈ ਜਾਂ ਕਰਜ਼ੇ ਦੀ ਅਦਾਇਗੀ ਲਈ ਕਿਸ਼ਤਾਂ ਦੀ ਯੋਜਨਾ ਵਿੱਚ ਸ਼ਾਮਲ ਹੋਣ ਲਈ ਕਿਹਾ ਜਾਵੇਗਾ।
- ਸਬਸਡੀ ਵਾਲੇ ਘਰਾਂ ਵਿੱਚ ਪਹਿਲਾਂ ਰਹਿ ਚੁੱਕੇ ਕਿਰਾਏਦਾਰਾਂ ਦੀਆਂ ਪੁਰਾਣੀਆਂ ਫਾਇਲਾਂ ਉੱਪਰ ਗੌਰ ਵੀ ਕੀਤਾ ਜਾ ਸਕਦਾ ਹੈ। ਜੇ ਪਹਿਲੀ ਕਿਰਾਏਦਾਰੀ ਕਿਸੇ ਕਾਰਨ ਕਰਕੇ ਖਤਮ ਕੀਤੀ ਗਈ ਹੋਵੇ ਤਾਂ ਉਹ ਹੋ ਸਕਦਾ ਹੈ ਕਿ ਅਰਜ਼ੀਕਾਰ ਦੁਬਾਰਾ ਅਰਜ਼ੀ ਕਰਨ ਦੇ ਹੱਕਦਾਰ ਨਾ ਹੋਣ।

## ਘਰਾਂ ਦੀਆਂ ਸੂਚੀਆਂ ਕੀ ਹੁੰਦੀਆਂ ਹਨ?

ਘਰਾਂ ਦੀਆਂ ਸੂਚੀਆਂ (ਹਾਊਸਿੰਗ ਲਿਸਟਿੰਗਜ਼) ਇਕ ਡਾਇਰੈਕਟਰੀ ਹੈ ਜਿਸ ਵਿੱਚ ਪਰਿਵਾਰਾਂ, ਬਜ਼ੁਰਗਾਂ ਅਤੇ ਅਪਾਹਜਤਾ ਵਾਲੇ ਲੋਕਾਂ ਲਈ ਸੂਬੇ ਭਰ ਵਿੱਚ ਸਬਸਡੀ ਵਾਲੇ ਘਰਾਂ ਦੇ ਪਤੇ ਦਿੱਤੇ ਗਏ ਹੁੰਦੇ ਹਨ, ਅਤੇ ਇਹ ਵੀ ਦੱਸਿਆ ਗਿਆ ਹੁੰਦਾ ਹੈ ਕਿ ਹਰ ਇਕ ਇਮਾਰਤ ਲਈ ਕਿਵੇਂ ਅਰਜ਼ੀ ਦੇਣੀ ਹੈ। ਘਰਾਂ ਦੀ ਸੂਚੀਆਂ ਦੋ ਸੈਕਸ਼ਨਾਂ ਵਿੱਚ ਵੰਡੀਆਂ ਹੁੰਦੀਆਂ ਹਨ। ਸੈਕਸ਼ਨ 1 ਵਿੱਚ ਉਹ ਸਾਰੀਆਂ ਇਮਾਰਤਾਂ ਸ਼ਾਮਲ ਹੁੰਦੀਆਂ ਹਨ ਜੋ ਹਾਊਸਿੰਗ ਰਜਿਸਟਰੀ ਦਾ ਹਿੱਸਾ ਹੋਣ ਅਤੇ ਸੈਕਸ਼ਨ 2 ਵਿੱਚ ਉਹ ਸਾਰੀਆਂ ਇਮਾਰਤਾਂ ਸ਼ਾਮਲ ਹੁੰਦੀਆਂ ਹਨ ਜੋ ਹਾਊਸਿੰਗ ਰਜਿਸਟਰੀ ਦਾ ਹਿੱਸਾ ਨਾ ਹੋਣ। ਘਰਾਂ ਦੀਆਂ ਸੂਚੀਆਂ ਬੀ ਸੀ ਹਾਊਸਿੰਗ ਦੇ ਦਫਤਰ ਜਾਂ ਵੈੱਬਸਾਈਟ ਤੋਂ ਮਿਲ ਸਕਦੀਆਂ ਹਨ।

## ਅਰਜ਼ੀ ਕਿਵੇਂ ਕਰੀਏ?

ਕੋਈ ਵੀ ਵਿਅਕਤੀ ਹਾਊਸਿੰਗ ਰਜਿਸਟਰੀ ਵਿਖੇ ਘਰਾਂ ਦੀਆਂ ਸੂਚੀਆਂ ਦੇ ਸੈਕਸ਼ਨ 1 ਵਿੱਚ ਦਰਜ ਸਾਰੀਆਂ ਇਮਾਰਤਾਂ ਲਈ ਇਕ ਥਾਂ ਤੋਂ ਹੀ ਅਰਜ਼ੀ ਕਰ ਸਕਦਾ ਹੈ। ਅਰਜ਼ੀ ਕਰਨ ਵਾਲਾ ਫਾਰਮ ਅਤੇ ਘਰਾਂ ਦੀ ਸੂਚੀਆਂ ਦੀਆਂ ਕਾਪੀਆਂ ਹਾਊਸਿੰਗ ਰਜਿਸਟਰੀ ਦੇ ਦਫਤਰ ਤੋਂ ਜਾਂ ਬੀ ਸੀ ਹਾਊਸਿੰਗ ਦੇ ਵੈੱਬਸਾਈਟ ਤੋਂ ਮਿਲ ਸਕਦੀਆਂ ਹਨ। ਪੂਰੀ ਤਰ੍ਹਾਂ ਭਰੇ ਹੋਏ ਫਾਰਮ ਹਾਊਸਿੰਗ ਰਜਿਸਟਰੀ ਦੇ ਆਪਣੇ ਸਥਾਨਕ ਦਫਤਰ ਵਿੱਚ ਭੇਜਣੇ ਚਾਹੀਦੇ ਹਨ।

ਉਹਨਾਂ ਇਮਾਰਤਾਂ ਨਾਲ ਸਿੱਧਾ ਸੰਪਰਕ ਕਰਨਾ ਚਾਹੀਦਾ ਹੈ, ਜਿਹੜੀਆਂ ਇਮਾਰਤਾਂ ਹਾਊਸਿੰਗ ਰਜਿਸਟਰੀ ਨਾਲ ਸੰਬੰਧਤ ਨਹੀਂ ਹਨ। ਉਹਨਾਂ ਨਾਲ ਸੰਪਰਕ ਕਰਨ ਦੀ ਜਾਣਕਾਰੀ ਘਰਾਂ ਦੀਆਂ ਸੂਚੀਆਂ ਦੇ ਸੈਕਸ਼ਨ 2 ਵਿੱਚ ਦਿੱਤੀ ਹੁੰਦੀ ਹੈ।

## ਆਮ ਪੁੱਛੇ ਜਾਣ ਵਾਲੇ ਸਵਾਲ

### ਲੋਕਾਂ ਦੀ ਚੋਣ ਕਿਵੇਂ ਕੀਤੀ ਜਾਂਦੀ ਹੈ?

ਬੀ ਸੀ ਹਾਊਸਿੰਗ ਦੇ ਮਕਾਨਾਂ ਲਈ ਉਹਨਾਂ ਲੋਕਾਂ ਨੂੰ ਪਹਿਲ ਦਿੱਤੀ ਜਾਂਦੀ ਹੈ, ਜਿਹੜੇ ਸਭ ਤੋਂ ਜ਼ਿਆਦਾ ਲੋੜਵੰਦ ਹੋਣ। ਆਮ ਤੌਰ ਉੱਤੇ ਗੈਰ-ਮੁਨਾਫੇਦਾਰ ਅਤੇ ਕੋ-ਅਪ੍ਰੇਟਿਵ ਘਰਾਂ ਵਾਲਿਆਂ ਦੀ ਵਸਨੀਕ ਚੁਣਨ ਦੀ ਵੱਖਰੀ ਕਸਵੱਟੀ ਹੁੰਦੀ ਹੈ। ਕਈ ਪਹਿਲਾਂ ਆਉਣ ਵਾਲੇ ਨੂੰ ਸੇਵਾ ਵਿੱਚ ਪਹਿਲ ਦੇ ਆਧਾਰ ਉੱਤੇ ਚੁਣਨ ਦੇ ਪ੍ਰਬੰਧ ਦੀ ਵਰਤੋਂ ਕਰਦੇ ਹਨ, ਜਦੋਂ ਕਿ ਕਈ ਹੋਰ ਸਭ ਤੋਂ ਵੱਧ ਲੋੜ ਦਾ ਫੈਸਲਾ ਕਰਨ ਲਈ ਨੰਬਰਾਂ ਦੇ ਪ੍ਰਬੰਧ (ਪੁਆਇੰਟ ਸਿਸਟਮ) ਦੀ ਵਰਤੋਂ ਕਰਦੇ ਹਨ। ਕੋ-ਅਪ੍ਰੇਟਿਵਾਂ ਨਵੇਂ ਮੈਂਬਰਾਂ ਦੀ ਇਮਾਰਤ ਦੇ ਪ੍ਰਬੰਧ ਵਿੱਚ ਸ਼ਾਮਲ ਹੋਣ ਦੀ ਚਾਹਤ ਦੇ ਆਧਾਰ ਉੱਤੇ ਉਹਨਾਂ ਨੂੰ ਸਵੀਕਾਰ ਕਰਦੀਆਂ ਹਨ।

### ਸੰਪੂਰਕ ਅਰਜ਼ੀ (ਸਪਲੀਮੈਂਟਲ ਐਪਲੀਕੇਸ਼ਨ) ਫਾਰਮ ਕੀ ਹੈ?

ਹਾਊਸਿੰਗ ਰਜਿਸਟਰੀ ਦੀ ਵਰਤੋਂ ਕਰਨ ਵਾਲੇ ਕੁਝ ਇਮਾਰਤਾਂ ਵਾਲੇ ਬੇਘਰੇ, ਘਰੇਲੂ ਹਿੰਸਾ ਜਾਂ ਬਦਸਲੂਕੀ ਤੋਂ ਛੁਟਕਾਰਾ ਪਾਉਣ ਵਾਲੇ ਵਿਅਕਤੀਆਂ ਜਾਂ ਉਹਨਾਂ ਵਿਅਕਤੀਆਂ ਵਲ ਜ਼ਿਆਦਾ ਧਿਆਨ ਦਿੰਦੇ ਹਨ ਜਿਹਨਾਂ ਦੀ ਮੌਜੂਦਾ ਰਿਹਾਇਸ਼ ਉਹਨਾਂ ਦੀ ਸਿਹਤ ਦੀ ਗੰਭੀਰ ਸਮੱਸਿਆ ਉੱਤੇ ਅਸਰ ਕਰ ਰਹੀ ਹੋਵੇ। ਜੇ ਇਹ ਗੱਲ ਤੁਹਾਡੇ ਉੱਤੇ ਲਾਗੂ ਹੁੰਦੀ ਹੋਵੇ, ਤਾਂ ਤੁਸੀਂ ਕਿਸੇ ਅਜਿਹੇ ਵਿਅਕਤੀ ਵਲੋਂ ਭਰਿਆ ਸੰਪੂਰਕ ਅਰਜ਼ੀ (ਸਪਲੀਮੈਂਟਲ ਐਪਲੀਕੇਸ਼ਨ) ਫਾਰਮ ਦੇਣ ਬਾਰੇ ਸੋਚ ਸਕਦੇ ਹੋ, ਜਿਹੜਾ ਵਿਅਕਤੀ ਤੁਹਾਡੀ ਸਥਿਤੀ ਦੀ ਪੁਸ਼ਟੀ ਕਰਦਾ ਹੋਵੇ।

### ਮੈਨੂੰ ਕੋਈ ਪੇਸ਼ਕਸ਼ ਕਦੋਂ ਹੋਵੇਗੀ?

ਸਬਸਡੀ ਵਾਲੇ ਘਰਾਂ ਦੀ ਮੰਗ, ਉਪਲਬਧ ਘਰਾਂ ਤੋਂ ਕਿਤੇ ਜ਼ਿਆਦਾ ਹੈ ਅਤੇ ਅਸੀਂ ਇਹ ਭਵਿੱਖਬਾਣੀ ਨਹੀਂ ਕਰ ਸਕਦੇ ਕਿ ਕੋਈ ਮਕਾਨ ਕਦੋਂ ਉਪਲਬਧ ਹੋਵੇਗਾ। ਉਡੀਕ ਦਾ ਸਮਾਂ ਖਾਲੀ ਹੋਣ ਵਾਲੇ ਮਕਾਨਾਂ ਅਤੇ ਘਰਾਂ ਲਈ ਅਰਜ਼ੀ ਕਰਨ ਵਾਲੇ ਦੂਸਰੇ ਪਰਿਵਾਰਾਂ ਦੀਆਂ ਲੋੜਾਂ ਉੱਤੇ ਨਿਰਭਰ ਹੈ। ਮਕਾਨ ਪ੍ਰਾਪਤ ਹੋਣ ਦੇ ਮੌਕੇ ਵਧਾਉਣ ਲਈ, ਹਾਊਸਿੰਗ ਰਜਿਸਟਰੀ ਵਿਚਲੀਆਂ ਕਈ ਤਰ੍ਹਾਂ ਦੀਆਂ ਇਮਾਰਤਾਂ ਦੀ ਚੋਣ ਕਰੋ ਅਤੇ ਉਹਨਾਂ ਇਮਾਰਤਾਂ ਕੋਲ ਸਿੱਧੀ ਅਰਜ਼ੀ ਕਰੋ ਜਿਹੜੀਆਂ ਇਮਾਰਤਾਂ ਵਾਲੇ ਅਰਜ਼ੀਕਾਰਾਂ ਦੀ ਆਪਣੀ ਸੂਚੀ ਰੱਖਦੇ ਹਨ।

### ਮੈਨੂੰ ਕਿੰਨੀਆਂ ਪੇਸ਼ਕਸ਼ਾ ਹੋਣਗੀਆਂ?

ਜੇ ਤੁਸੀਂ ਦੋ ਪੇਸ਼ਕਸ਼ਾਂ ਠੁਕਰਾ ਦਿਉ, ਤਾਂ ਹਾਊਸਿੰਗ ਰਜਿਸਟਰੀ ਦੀ ਤੁਹਾਡੀ ਅਰਜ਼ੀ ਬੰਦ ਕਰ ਦਿੱਤੀ ਜਾਵੇਗੀ। ਤੁਸੀਂ ਇਕ ਸਾਲ ਬਾਅਦ ਫਿਰ ਅਰਜ਼ੀ ਕਰ ਸਕਦੇ ਹੋ।

### ਮੇਰੇ ਨਾਲ ਕਿਸ ਤਰ੍ਹਾਂ ਸੰਪਰਕ ਕੀਤਾ ਜਾਵੇਗਾ?

ਜਦੋਂ ਕਿਸੇ ਖਾਲੀ ਮਕਾਨ ਲਈ ਤੁਹਾਡੇ ਬਾਰੇ ਗੌਰ ਕੀਤਾ ਜਾ ਰਿਹਾ ਹੋਵੇ ਤਾਂ ਉਸ ਇਮਾਰਤ ਵਾਲੇ ਹੋਰ ਜਾਣਕਾਰੀ ਲੈਣ ਲਈ ਤੁਹਾਡੇ ਨਾਲ ਸੰਪਰਕ ਕਰਨਗੇ ਜਿਸ ਇਮਾਰਤ ਵਿੱਚ ਮਕਾਨ ਖਾਲੀ ਹੋਵੇ। ਫਿਰ ਉਹ ਤੁਹਾਡੇ ਵਲੋਂ ਹਵਾਲੇ ਵਜੋਂ ਦਿੱਤੇ ਲੋਕਾਂ ਨਾਲ ਗੱਲ ਕਰ ਸਕਦੇ ਹਨ ਜਾਂ ਤੁਹਾਨੂੰ ਇੰਟਰਵੀਊ ਲਈ ਸੱਦ ਸਕਦੇ ਹਨ। ਆਮ ਤੌਰ ਉੱਤੇ ਫੈਸਲਾ ਕਰਨ ਤੋਂ ਪਹਿਲਾਂ ਤੁਸੀਂ ਮਕਾਨ ਦੇਖ ਸਕੋਗੇ।

ਹਾਊਸਿੰਗ ਰਜਿਸਟਰੀ ਅਤੇ ਮਕਾਨ ਦੇਣ ਵਾਲੇ ਦੂਸਰੇ ਲੋਕਾਂ ਕੋਲ ਆਪਣੀ ਅਰਜ਼ੀ ਦੇ ਹਿੱਸੇ ਵਜੋਂ ਆਪਣੀ ਨਵੀਂ ਸੰਪਰਕ ਜਾਣਕਾਰੀ ਦੇਣਾ ਯਾਦ ਰੱਖੋ।



British Columbia
The Best Place on Earth
BC Housing

## ਮੈਨੂੰ ਕਿੰਨੇ ਪੈਸੇ ਦੇਣੇ ਪੈਣਗੇ?

ਜੇ ਤੁਹਾਨੂੰ ਆਮਦਨ ਦੇ ਆਧਾਰ ਉੱਤੇ ਕਿਰਾਏ ਵਾਲੇ ਮਕਾਨ ਦੀ ਪੇਸ਼ਕਸ਼ ਕੀਤੀ ਗਈ ਹੈ, ਤਾਂ ਤੁਹਾਡੇ ਵਲੋਂ ਦਿੱਤੇ ਜਾਣ ਵਾਲੇ ਪੈਸੇ ਤੁਹਾਡੇ ਪਰਿਵਾਰ ਦੇ ਆਕਾਰ ਅਤੇ ਤੁਹਾਡੀ ਕੁੱਲ ਘਰੇਲੂ ਆਮਦਨ ਦੇ ਆਧਾਰ ਉੱਤੇ ਹੋਣਗੇ। ਜੇ ਤੁਹਾਨੂੰ ਮਾਰਕੀਟ ਮੁਤਾਬਕ ਕਿਰਾਏ ਵਾਲੇ ਮਕਾਨ ਦੀ ਪੇਸ਼ਕਸ਼ ਕੀਤੀ ਗਈ ਹੈ ਤਾਂ ਤੁਸੀਂ ਨਿੱਜੀ ਮਾਰਕੀਟ ਦੇ ਕਿਰਾਇਆਂ ਦੇ ਬਰਾਬਰ ਜਾਂ ਥੋੜ੍ਹਾ ਜਿਹਾ ਘੱਟ ਨਿਸ਼ਚਿਤ ਕੀਤਾ ਕਿਰਾਇਆ ਦਿਉਗੇ।

## ਕਿਰਾਏ ਤੋਂ ਬਿਨਾਂ ਕੋਈ ਹੋਰ ਪੈਸੇ ਵੀ ਦੇਣੇ ਪੈਂਦੇ ਹਨ?

ਕਈ ਇਮਾਰਤਾਂ ਵਿੱਚ ਕੇਬਲ, ਲਾਂਡਰੀ, ਪਾਰਕਿੰਗ ਅਤੇ ਹੀਟ-ਬੱਤੀਆਂ (ਯੁਟਿਲਟੀਜ਼) ਲਈ ਹੋਰ ਪੈਸੇ ਦੇਣੇ ਪੈ ਸਕਦੇ ਹਨ। ਇਸ ਦੇ ਨਾਲ ਨਾਲ ਬਹੁਤੀਆਂ ਗੈਰ-ਮੁਨਾਫੇਦਾਰ ਇਮਾਰਤਾਂ ਸਿਕਿਉਰਟੀ ਡਿਪਾਜ਼ਟ ਦੀ ਮੰਗ ਕਰਦੀਆਂ ਹਨ, ਅਤੇ ਜੇ ਪਾਲਤੂ ਜਾਨਵਰ ਰੱਖਣ ਦੀ ਆਗਿਆ ਹੋਵੇ ਤਾਂ ਪਾਲਤੂ ਜਾਨਵਰਾਂ ਦੇ ਮਾਲਕਾਂ ਨੂੰ ਪੈੱਟ ਡਿਪਾਜ਼ਟ ਦੇਣਾ ਪੈ ਸਕਦਾ ਹੈ। ਕੋਅਪ੍ਰੇਟਿਵ ਇਮਾਰਤਾਂ ਵਿੱਚ, ਨਵੇਂ ਮੈਂਬਰਾਂ ਨੂੰ ਸਿਕਿਉਰਟੀ ਡਿਪਾਜ਼ਟ ਵਾਂਗ ਸ਼ੇਅਰ ਖ਼੍ਰੀਦਣ ਲਈ ਰਕਮ (ਸ਼ੇਅਰ ਪਰਚੇਜ਼) ਦੇਣੀ ਪੈਂਦੀ ਹੈ।

## ਕੀ ਮੈਨੂੰ ਕਿਸੇ ਖਾਸ ਇਮਾਰਤ ਦੀ ਚੋਣ ਦੀ ਲੋੜ ਹੈ ਜਾਂ ਮੈਂ ਇਲਾਕੇ ਦੀ ਚੋਣ ਕਰ ਸਕਦਾ/ਸਕਦੀ ਹਾਂ?

ਤੁਸੀਂ ਇਹਨਾਂ ਵਿੱਚੋਂ ਕੋਈ ਵੀ ਇਕ ਚੀਜ਼ ਕਰ ਸਕਦੇ ਹੋ; ਫਿਰ ਵੀ ਕਈ ਇਮਾਰਤਾਂ ਵਾਲੇ ਉਹਨਾਂ ਅਰਜ਼ੀਕਾਰਾਂ ਨੂੰ ਤਰਜ਼ੀਹ ਦਿੰਦੇ ਹਨ ਜੋ ਖਾਸ ਤੌਰ ਉੱਤੇ ਉਹਨਾਂ ਦੀਆਂ ਇਮਾਰਤਾਂ ਦੀ ਚੋਣ ਕਰਦੇ ਹਨ। ਮਕਾਨ ਮਿਲਣ ਦੇ ਆਪਣੇ ਮੌਕੇ ਵਧਾਉਣ ਲਈ, ਕਈ ਇਮਾਰਤਾਂ ਲਈ ਅਰਜ਼ੀ ਕਰਨ ਦੀ ਸਿਫਾਰਿਸ਼ ਕੀਤੀ ਜਾਂਦੀ ਹੈ।

## ਮੈਨੂੰ ਹਾਊਸਿੰਗ ਰਜਿਸਟਰੀ ਨਾਲ ਕਿੰਨੇ ਕੁ ਸਮੇਂ ਬਾਅਦ ਸੰਪਰਕ ਕਰਨਾ ਚਾਹੀਦਾ ਹੈ?

ਕ੍ਰਿਪਾ ਕਰਕੇ ਆਪਣੀ ਅਰਜ਼ੀ ਵਿਚਲੀ ਜਾਣਕਾਰੀ ਨੂੰ ਤਾਜ਼ਾ ਰੱਖੋ। ਸੂਚੀ ਉੱਤੇ ਕਾਇਮ ਰਹਿਣ ਲਈ ਤੁਹਾਡੇ ਲਈ ਘੱਟੋ ਘੱਟ ਹਰ ਛੇ ਮਹੀਨਿਆਂ ਬਾਅਦ ਇਕ ਵਾਰੀ ਆਪਣੀ ਅਰਜ਼ੀ ਨੂੰ ਤਾਜ਼ਾ ਕਰਨਾ ਜ਼ਰੂਰੀ ਹੈ। ਕ੍ਰਿਪਾ ਕਰਕੇ ਦਿਨ ਸਮੇਂ ਅਤੇ ਸ਼ਾਮ ਸਮੇਂ ਆਪਣੇ ਨਾਲ ਸੰਪਰਕ ਕਰਨ ਦਾ ਨੰਬਰ ਦਿਉ ਜਾਂ ਸੰਪਰਕ ਕੀਤੇ ਜਾ ਸਕਣ ਵਾਲੇ ਕਿਸੇ ਹੋਰ ਵਿਅਕਤੀ ਦਾ ਨੰਬਰ ਦਿਉ ਤਾਂ ਕਿ ਜੇ ਕੋਈ ਮਕਾਨ ਉਪਲਬਧ ਹੋ ਜਾਵੇ ਤਾਂ ਘਰ ਦੇਣ ਵਾਲੇ ਤੁਹਾਡੇ ਨਾਲ ਸੰਪਰਕ ਕਰ ਸਕਣ।

## ਮੈਂ ਐਮਰਜੰਸੀ ਮਕਾਨ ਕਿਵੇਂ ਲੈ ਸਕਦਾ/ਸਕਦੀ ਹਾਂ?

ਕਮਿਉਨਿਟੀ ਗਰੁੱਪ ਬੇਘਰੇ ਲੋਕਾਂ ਲਈ ਐਮਰਜੰਸੀ ਸ਼ੈਲਟਰ ਚਲਾਉਂਦੇ ਹਨ, ਜਿਹਨਾਂ ਵਿੱਚ ਥੋੜ੍ਹੇ ਸਮੇਂ ਲਈ ਬਿਸਤਰੇ (ਬੈੱਡ) ਅਤੇ ਖਾਣਾ ਦਿੱਤਾ ਜਾਂਦਾ ਹੈ। ਆਪਣੇ ਨੇੜੇ ਦੇ ਐਮਰਜੰਸੀ ਸ਼ੈਲਟਰ ਬਾਰੇ ਪਤਾ ਕਰਨ ਲਈੱ .ਬਚਹੋਸਨਿਗੋ.ਰਗ ਉੱਤੇ ਐਮਰਜੰਸੀ ਪ੍ਰੋਗਰਾਮ ਸ਼ੈਲਟਰ ਵਾਲਾ ਸੈਕਸ਼ਨ ਦੇਖੋ। ਇਥੇ ਸੂਬੇ ਭਰ ਦੇ ਸ਼ੈਲਟਰਾਂ ਦੀ ਸੂਚੀ ਦਿੱਤੀ ਗਈ ਹੈ।

## ਕੀ ਘਰਾਂ ਦੇ ਕੋਈ ਹੋਰ ਪ੍ਰੋਗਰਾਮ ਵੀ ਹਨ?

ਹਾਂ, ਬੀ ਸੀ ਹਾਊਸਿੰਗ ਦੇ ਵੈੱਬਸਾਈਟ ਉੱਤੇ ਜਾਂ ਬੀ ਸੀ ਹਾਊਸਿੰਗ ਨਾਲ ਸਿੱਧਾ ਸੰਪਰਕ ਕਰਕੇ ਇੰਡੀਪੈਂਡਿਟ ਲਿਵਿੰਗ ਬੀ ਸੀ, ਸੀਨੀਅਰਜ਼ ਸੁਪੋਰਟਿੰਗ ਹਾਊਸਿੰਗ, ਰੈਂਟਲ ਅਸਿਸਟੈਂਸ ਪ੍ਰੋਗਰਾਮ, ਅਤੇ ਸ਼ੈਲਟਰ ਏਡ ਫਾਰ ਐਲਡਰਲੀ ਰੈਂਟਰਜ਼ (ਸੇਫਰ) ਬਾਰੇ ਜਾਣਕਾਰੀ ਲਈ ਜਾ ਸਕਦੀ ਹੈ।

## ਸੰਪਰਕ ਜਾਣਕਾਰੀ

ਹੋਰ ਜਾਣਕਾਰੀ ਲਈ, ਹਾਊਸਿੰਗ ਰਜਿਸਟਰੀ ਤੋਂ ਅਰਜ਼ੀ ਲੈਣ ਲਈ ਜਾਂ ਮਕਾਨਾਂ ਦੀ ਸੂਚੀ (ਹਾਊਸਿੰਗ ਲਿਸਟਿੰਗਜ਼) ਲੈਣ ਲਈ **www.bchousing.org** ਉੱਤੇ ਜਾਉ ਜਾਂ ਆਪਣੇ ਨੇੜੇ ਦੇ ਹਾਊਸਿੰਗ ਰਜਿਸਟਰੀ ਦੇ ਦਫਤਰ ਨਾਲ ਸੰਪਰਕ ਕਰੋ। ਜੇ ਤੁਹਾਨੂੰ ਅਰਜ਼ੀ ਦਾ ਫਾਰਮ ਭਰਨ ਵਿੱਚ ਮਦਦ ਦੀ ਲੋੜ ਹੋਵੇ ਤਾਂ ਸਟਾਫ ਤੁਹਾਡੀ ਮਦਦ ਕਰ ਸਕਦਾ ਹੈ।

### ਮੈਟਰੋ ਵੈਨਕੂਵਰ

101-4555 Kingsway
Burnaby, B.C. V5H 4V8
ਟੈਲੀਫੋਨ: 604-433-2218
ਮੁਫਤ: 1-800-257-7756
ਫੈਕਸ: 604-439-4729

### ਵੈਨਕੂਵਰ ਆਈਲੈਂਡ

301 – 3440 Douglas St.
Victoria, B.C. V8Z 3L5
ਟੈਲੀਫੋਨ: 250-475-7550
ਮੁਫਤ: 1-800-787-2807
ਫੈਕਸ: 250-475-7551

### ਇਨਟੀਰੀਅਰ

290 Nanaimo Ave. West
Penticton, B.C. V2A 1N5
ਟੈਲੀਫੋਨ: 250-493-0301
ਮੁਫਤ: 1-800-834-7149
ਫੈਕਸ: 250-492-1080

### ਨੌਰਦਰਨ: ਪ੍ਰਿੰਸ ਜਾਰਜ

1539 – 11 Ave.,
Prince George, B.C. V2L 3S6
ਟੈਲੀਫੋਨ: 250-562-9251
ਮੁਫਤ: 1-800-667-1235
ਫੈਕਸ: 250-562-6488

### ਨੌਰਦਰਨ: ਪ੍ਰਿੰਸ ਰੁਪਰਟ

1400 Kootenay Ave.
Prince Rupert, B.C. V8J 3X5
ਟੈਲੀਫੋਨ: 250-627-7501
ਫੈਕਸ: 250-627-8975

ਕਈ ਇਮਾਰਤਾਂ ਵਾਲੇ ਹਾਊਸਿੰਗ ਰਜਿਸਟਰੀ ਲਈ ਪਹੁੰਚ ਕਰਨ ਵਾਲੀਆਂ ਥਾਂਵਾਂ ਵਜੋਂ ਕੰਮ ਕਰਦੇ ਹਨ। ਆਪਣੇ ਨੇੜੇ ਦੀ ਥਾਂ ਬਾਰੇ ਪਤਾ ਕਰਨ ਲਈ ਬੀ ਸੀ ਹਾਊਸਿੰਗ ਦੇ ਵੈੱਬਸਾਈਟ **www.bchousing.org** ਨੂੰ ਦੇਖੋ।

**www.bchousing.org**